"ਨਵੇਂ ਸਾਲ ਵਿੱਚ ਅਨੁਭਵੀ ਮੂਰਤ ਬਣ ਸਭ ਨੂੰ ਅਨੁਭਵੀ ਬਣਾਓ"

(ਸ਼ਾਂਤੀਵਨ ਡਾਇਮੰਡ ਜੁਬਲੀ ਹਾਲ ਦੇ ਉਦਘਾਟਨ ਅਵਸਰ ਤੇ )

ਅੱਜ ਨਜਰ ਨਾਲ ਨਿਹਾਲ ਕਰਨ ਵਾਲੇ ਬਾਪਦਾਦਾ ਤੁਸੀਂ ਸਾਰੇ ਅਤੀ ਸਨੇਹੀ, ਸਹਿਯੋਗੀ ਸਨੇਹ ਵਿੱਚ ਲਵਲੀਨ ਬੱਚਿਆਂ ਨੂੰ ਵੇਖ ਰਹੇ ਹਨ। ਹਰ ਇੱਕ ਬੱਚੇ ਦੇ ਮੱਥੇ ਵਿੱਚ, ਦਿਲ ਵਿਚ ਸਨੇਹ ਦਾ ਸਬੂਤ ਵਿਖਾਈ ਦੇ ਰਿਹਾ ਹੈ ( ਹਾਲ ਵਿਚ ਪਿੱਛੇ ਵਾਲੇ ਭਾਈ - ਭੈਣਾਂ ਨੂੰ) ਤੁਸੀਂ ਸੋਚੋਗੇ ਕਿ ਅਸੀਂ ਪਿੱਛੇ ਵਾਲੇ ਤੇ ਵਿਖਾਈ ਨਹੀਂ ਦਿੰਦੇ ਹਾਂ ਲੇਕਿਨ ਬਾਪਦਾਦਾ ਦੇ ਨੈਣਾਂ ਵਿਚ ਅਜਿਹੀ ਅਨੋਖੀ ਟੀ. ਵੀ. ਹੈ ਜਿਸ ਨਾਲ ਦੂਰ ਦੀ ਚੀਜ ਵੀ ਸਾਮ੍ਹਣੇ ਵਿਖਾਈ ਦੇ ਰਹੀ ਹੈ। ਭਾਵੇਂ ਕਿੱਥੇ ਵੀ ਕੋਨੇ ਵਿਚ ਬੈਠੇ ਹੋ ਲੇਕਿਨ ਬਾਪ ਦੇ ਸਾਮ੍ਹਣੇ ਹੋ। ਹੁਣ ਤੇ ਫਿਰ ਵੀ ਆਰਾਮ ਨਾਲ ਬੈਠੇ ਤੇ ਹੋ ਨਾ। ( ਤਾਲੀਆਂ ਵਜਾਈਆਂ ) ਅੱਜ ਬਹੁਤ ਉਮੰਗ - ਉਤਸਾਹ ਖੁਸ਼ੀ ਹੈ ਨਾ ਤਾਂ ਤਾਲੀਆਂ ਨਾਲ ਵਿਖਾ ਰਹੇ ਹੋ। ਲੇਕਿਨ ਬਾਪਦਾਦਾ ਤੁਹਾਡੇ ਦਿਲ ਦੀ ਖੁਸ਼ੀ ਨੂੰ ਜਾਣਦੇ ਹਨ। ਬਾਪਦਾਦਾ ਵੇਖ ਰਹੇ ਹਨ ਕਿ ਹਰ ਇੱਕ ਬੱਚੇ ਨੂੰ ਸਹਿਯੋਗ ਦਾ ਸਬੂਤ ਦੇਣ ਵਿੱਚ ਬਹੁਤ ਖੁਸ਼ੀ ਹੁੰਦੀ ਹੈ ਇਸਲਈ ਹਜਾਰਾਂ ਬਾਹਵਾਂ ਵਿਖਾਈਆਂ ਹਨ। ਤਾਂ ਬਾਹਵਾਂ ਸਹਿਯੋਗ ਦੀ ਨਿਸ਼ਾਨੀ ਹਨ। ਬਾਪਦਾਦਾ ਜਾਣਦੇ ਹਨ ਕਿ ਇੱਕ - ਇੱਕ ਬੱਚੇ ਨੇ ਚਾਰੋਂ ਪਾਸੇ ਦੇਸ਼ ਵਿਚ, ਭਾਵੇਂ ਵਿਦੇਸ਼ ਵਿੱਚ ਵੀ ਸਭ ਨੇ ਭਾਵੇਂ ਧਨ ਨਾਲ, ਭਾਵੇਂ ਮਨ ਨਾਲ, ਭਾਵੇਂ ਤਨ ਨਾਲ ਸਹਿਯੋਗ ਜਰੂਰ ਦਿੱਤਾ ਹੈ। ਅਤੇ ਅੱਜ ਸਭ ਦੇ ਸਹਿਯੋਗ ਦਾ ਸਬੂਤ ਤੁਸੀਂ ਆਰਾਮ ਨਾਲ ਬੈਠ ਵੇਖ ਵੀ ਰਹੇ ਹੋ, ਸੁਣ ਵੀ ਰਹੇ ਹੋ। ਹੁਣ ਜਿਆਦਾ ਤਾਲੀਆਂ ਨਹੀਂ ਵਜਾਓ। ਤੁਹਾਡੇ ਖੁਸ਼ੀ ਦੀਆਂ ਮਨ ਦੀਆਂ ਤਾਲੀਆਂ ਬਾਪਦਾਦਾ ਦੇ ਕੋਲ ਪਹੁੰਚ ਗਈਆਂ ਹਨ।

ਵੇਖੋ ਅੱਜ ਦੋ ਵਿਸ਼ੇਸ਼ਤਾਵਾਂ ਹਨ। ਇੱਕ ਇਸ ਸ਼ਾਂਤੀਵਨ ਨੂੰ ਜੋ ਸਭ ਨੇ ਉਮੰਗ - ਉਤਸਾਹ ਨਾਲ ਬਣਾਇਆ ਹੈ ਉਸ ਦਾ ਬਾਪਦਾਦਾ ਦੇ ਨਾਲ - ਨਾਲ ਤੁਸੀਂ ਬੱਚੇ ਵੀ ਉਦਘਾਟਨ ਕਰ ਰਹੇ ਹੋ ਅਤੇ ਅੱਜ ਡਰਾਮਾ ਅਨੁਸਾਰ ਨਵਾਂ ਵਰ੍ਹਾ ਵੀ ਸ਼ੁਰੂ ਹੋਣ ਵਾਲਾ ਹੀ ਹੈ ਇਸਲਈ ਬਾਪਦਾਦਾ ਸਾਰੇ ਬੱਚਿਆਂ ਨੂੰ ਆਪਣੀਆਂ ਦੋਵੇਂ ਬਾਹਵਾਂ ਵਿਚ ਸਮਾਉਂਦੇ ਹੋਏ ਦੋਵੇਂ ਗੱਲਾਂ ਦੀ ਮੁਬਾਰਕ ਦੇ ਰਹੇ ਹਨ। ਅਤੇ ਜਿਵੇਂ ਹੁਣ ਇਸ ਸਮੇਂ ਸਾਕਾਰ ਰੂਪ ਵਿਚ ਬਾਪ ਦੇ ਨਾਲ ਉਮੰਗ - ਉਤਸਾਹ ਅਤੇ ਖੁਸ਼ੀ ਵਿੱਚ ਝੂਮ ਰਹੇ ਹੋ ਇਵੇਂ ਹੀ ਨਵੇਂ ਵਰ੍ਹੇ ਵਿੱਚ ਸਦਾ ਅਵਿਅਕਤ ਰੂਪ ਵਿਚ ਸਾਥੀ ਸਮਝਣਾ, ਅਨੁਭਵ ਕਰਨਾ - ਇਹ ਸਾਥ ਦਾ ਅਨੁਭਵ ਬਹੁਤ ਪਿਆਰਾ ਹੈ। ਬਾਪਦਾਦਾ ਨੂੰ ਵੀ ਬੱਚਿਆਂ ਦੇ ਬਿਨਾਂ ਚੰਗਾ ਨਹੀਂ ਲਗਦਾ ਹੈ। (ਮਾਇਕ ਬੰਦ ਹੋ ਗਿਆ ) ਪਹਿਲਾ - ਪਹਿਲਾ ਅਨੁਭਵ ਹੈ ਨਾ ਇਸਲਈ ਇਹ ਵੀ ਡਰਾਮੇ ਵਿੱਚ ਖੇਲ ਸਮਝਣਾ, ਕੋਈ ਵੀ ਗੱਲ ਹੇਠਾਂ - ਉਪਰ ਨਹੀਂ ਸਮਝਣਾ। ਚੰਗਾ ਹੈ ਅਤੇ ਚੰਗਾ ਹੀ ਰਹੇਗਾ। ਬਹੁਤ - ਚੰਗਾ, ਬਹੁਤ ਚੰਗਾ ਕਰਦੇ ਤੁਸੀਂ ਵੀ ਚੰਗੇ ਬਣ ਜਾਵੋਗੇ ਅਤੇ ਡਰਾਮੇ ਦੀ ਹਰ ਸੀਨ ਵੀ ਚੰਗੀ ਬਣ ਜਾਵੇਗੀ ਕਿਉਂਕਿ ਤੁਹਾਡੇ ਚੰਗੇ ਬਣਨ ਦੇ ਵਾਇਬ੍ਰੇਸ਼ਨ ਕਿਵੇਂ ਦੀ ਵੀ ਸੀਨ ਹੋਵੇ ਨੈਗੇਟਿਵ ਨੂੰ ਪੋਸਟਿਵ ਵਿੱਚ ਬਦਲ ਦੇਵੇਗੀ, ਇਤਨੀ ਸ਼ਕਤੀ ਤੁਸੀਂ ਬੱਚਿਆਂ ਵਿਚ ਹੈ ਸਿਰਫ ਯੂਜ ਕਰੋ। ਸ਼ਕਤੀਆਂ ਬਹੁਤ ਹਨ, ਸਮੇਂ ਤੇ ਪ੍ਰਯੋਗ ਕਰਕੇ ਵੇਖੋ ਤਾਂ ਬਹੁਤ ਚੰਗੇ - ਚੰਗੇ ਅਨੁਭਵ ਕਰੋਗੇ। ਇਹ ਨਵਾਂ ਹਾਲ ਅਤੇ ਨਵਾਂ ਵਰ੍ਹਾ ਤਾਂ ਕੀ ਕਰੋਗੇ? ਨਵੇਂ ਵਰ੍ਹੇ ਵਿੱਚ ਕੁਝ ਨਵੀਨਤਾ ਕਰੋਗੇ ਨਾ। ਤਾਂ ਇਹ ਵਰ੍ਹਾ ਅਨੁਭਵੀ ਮੂਰਤ ਬਣ ਹੋਰਾਂ ਨੂੰ ਵੀ ਅਨੁਭਵ ਕਰਾਉਣ ਦਾ ਵਰ੍ਹਾ ਹੈ। ਸਮਝਾ - ਕੀ ਕਰਨਾ ਹੈ? ਅਨੁਭਵ ਕਰਨਾ ਹੈ। ਵਾਣੀ ਦਵਾਰਾ ਅਨੁਭਵ ਤਾਂ ਕਰਦੇ ਹੀ ਹੋ ਲੇਕਿਨ ਹਰ ਬੱਚੇ ਨੂੰ ਹਰ ਸ਼ਕਤੀ ਦਾ, ਹਰ ਗੁਣ ਦਾ ਅਨੁਭਵ ਕਰਨਾ ਹੈ। ਅਨੁਭਵੀ ਮੂਰਤ ਹੋ ਨਾ! ਅਨੁਭਵੀ ਮੂਰਤ ਹੋ ਜਾਂ ਵਾਣੀ ਮੂਰਤ ਹੋ? ਅਨੁਭਵੀ ਹੋ ਵੀ ਲੇਕਿਨ ਇਸ ਵਰ੍ਹੇ ਵਿਚ ਵੀ ਅਜਿਹਾ ਬੱਚਾ ਨਹੀਂ ਕਹੇ ਕਿ ਮੈਨੂੰ ਇਨ੍ਹਾਂ ਗੱਲਾਂ ਦਾ ਤੇ ਅਨੁਭਵ ਹੈ, ਲੇਕਿਨ ਇਸ ਗੱਲ ਦਾ ਅਨੁਭਵ ਬਹੁਤ ਘਟ ਹੈ। ਅਜਿਹਾ ਕੋਈ ਬੱਚਾ ਨਾ ਰਹੇ ਕਿਉਂਕਿ ਗਿਆਨ ਦਾ ਅਰਥ ਹੀ ਹੈ ਸਿਰਫ਼ ਸਮਝਣਾ ਨਹੀਂ ਲੇਕਿਨ ਅਨੁਭਵ ਕਰਨਾ ਅਤੇ ਜਦੋਂ ਤੱਕ ਅਨੁਭਵ ਨਹੀਂ ਕੀਤਾ ਹੈ ਤਾਂ ਦੂਜਿਆਂ ਨੂੰ ਵੀ ਅਨੁਭਵੀ ਨਹੀਂ ਬਣਾ ਸਕਦੇ। ਜੇਕਰ ਵਾਣੀ ਤੱਕ ਹੈ, ਅਨੁਭਵ ਤੱਕ ਨਹੀਂ ਹੈ ਤਾਂ ਜਿਨ੍ਹਾਂ ਆਤਮਾਵਾਂ ਦੀ ਸੇਵਾ ਦੇ ਨਿਮਿਤ ਬਣਦੇ ਹੋ ਉਹ ਵੀ ਵਾਣੀ ਦਵਾਰਾ ਬਹੁਤ ਚੰਗਾ, ਬਹੁਤ ਚੰਗਾ, ਕਮਾਲ ਹੈ - ਇੱਥੇ ਤੱਕ ਆਉਂਦੇ ਹਨ। ਅਨੁਭਵੀ ਹੋ ਜਾਣ - ਉਹ ਕੋਟਾਂ ਵਿੱਚੋ ਕੋਈ, ਕੋਈ ਵਿੱਚ ਵੀ ਕੋਈ ਹੈ ਅਤੇ ਪ੍ਰਤਖਤਾ ਦਾ ਆਧਾਰ ਅਨੁਭਵ ਹੈ। ਅਨੁਭਵ ਵਾਲੀਆਂ ਆਤਮਾਵਾਂ ਕਦੇ ਵੀ ਵਾਯੂਮੰਡਲ ਦੇ ਸੰਗ ਦੇ ਰੰਗ ਵਿਚ ਨਹੀਂ ਆ ਸਕਦੀਆਂ ਹਨ। ਸਿਰਫ ਵਾਣੀ ਦੇ ਪ੍ਰਭਾਵ ਵਾਲੇ ਕਦੇ ਨੱਚਣਗੇ, ਕਦੇ ਸੋਚ ਵਿੱਚ ਪੈ ਜਾਣਗੇ, ਅਨੁਭਵ ਮਤਲਬ ਪੱਕਾ ਫਾਉਂਡੇਸ਼ਨ। ਅੱਧਾ ਅਨੁਭਵ ਹੈ ਤਾਂ ਅੱਧਾ ਫਾਉਂਡੇਸ਼ਨ ਪੱਕਾ ਹੈ, ਉਸ ਦੀ ਨਿਸ਼ਾਨੀ ਹੈ ਉਹ ਛੋਟੀਆਂ ਵੱਡੀਆਂ ਗੱਲਾਂ ਵਿਚ ਹਿੱਲੇਗਾ, ਅਚਲ ਨਹੀਂ ਹੋਵੇਗਾ ਕਿਉਂਕਿ ਆਉਣ ਵਾਲੀਆਂ ਗੱਲਾਂ ਜਾਂ ਸਮੱਸਿਆਵਾਂ ਪ੍ਰਬਲ ਹੋ ਜਾਂਦੀਆਂ ਹਨ, ਇਸਲਈ ਅਧੂਰੇ ਫਾਉਂਡੇਸ਼ਨ ਵਾਲੇ ਲੜਖੜਾਉਂਦੇ ਹਨ, ਡਿਗਦੇ ਨਹੀਂ ਹਨ ਲੇਕਿਨ ਲੜਖੜਾਉਂਦੇ ਹਨ ਤਾਂ ਪਹਿਲੇ ਇਸ ਵਰ੍ਹੇ ਵਿੱਚ ਆਪਣੇ ਅਨੁਭਵੀ ਮੂਰਤ ਦੇ ਫਾਉਂਡੇਸ਼ਨ ਨੂੰ ਪੱਕਾ ਕਰੋ। ਕਈ ਬੱਚੇ ਅੱਜ ਬਹੁਤ ਫਾਸਟ ਚਲਦੇ ਹਨ ਅਤੇ ਕਲ ਥੋੜ੍ਹਾ ਜਿਹਾ ਚਿਹਰਾ ਬਦਲਿਆ ਹੋਇਆ ਹੁੰਦਾ ਹੈ, ਕਾਰਣ? ਅਨੁਭਵ ਦਾ ਫਾਉਂਡੇਸ਼ਨ ਪੱਕਾ ਨਹੀਂ ਹੈ। ਅਨੁਭਵ ਵਾਲਿਆਂ ਆਤਮਾਵਾਂ ਕਿੰਨੀ ਵੀ ਵੱਡੀ ਸਮੱਸਿਆ ਨੂੰ ਇਵੇਂ ਹਲ ਕਰਨਗੀਆਂ ਜਿਵੇਂ ਕੁਝ ਹੋਇਆ ਹੀ ਨਹੀਂ। ਆਇਆ ਅਤੇ ਆਪਣਾ ਪਾਰਟ ਵਜਾਇਆ ਲੇਕਿਨ ਸਾਖਸ਼ੀ ਹੋਕੇ,

ਨਿਆਰੇ ਅਤੇ ਪਿਆਰੇ ਹੋਕੇ ਖੇਲ ਸਮਾਨ ਵੇਖ਼ਣਗੇ। ਗਲ ਨਹੀਂ ਖੇਲ, ਮੰਨੋਰੰਜਨ, ਮੰਨੋਰੰਜਨ ਚੰਗਾ ਲਗਦਾ ਹੈ ਨਾ? ਤਾਂ ਕੋਈ ਵੀ ਗੱਲ ਹੋਵੇ ਤੁਹਾਡੇ ਲਈ ਵੱਡੀ ਤਾਂ ਲਗਦੀ ਹੈ ਜਦ ਫਾਉਂਡੇਸ਼ਨ ਜਰਾ ਵੀ ਕੱਚਾ ਹੈ। ਭਾਵੇਂ 75% ਪੱਕਾ ਹੈ, ਭਾਵੇਂ 90% ਪੱਕਾ ਹੈ ਤਾਂ ਵੀ ਹਿਲਣ ਦਾ ਚਾਂਸ ਸੰਭਵ ਹੈ। ਬਾਪਦਾਦਾ ਨੂੰ ਬੱਚਿਆਂ ਦੀ ਮਿਹਨਤ ਮਤਲਬ ਯੁੱਧ ਕਰਨਾ ਚੰਗਾ ਨਹੀਂ ਲਗਦਾ। ਮਿਹਨਤ ਕਿਓਂ? ਯੁੱਧ ਕਿਓਂ ? ਕੀ ਯੋਗੀ ਦੀ ਬਜਾਏ ਯੋਧੇ ਬਣਨ ਵਾਲੇ ਹੋ ਜਾਂ ਯੋਗੀ ਆਤਮਾਵਾਂ ਹੋ? ਯੁੱਧ ਕਰਨ ਵਾਲੇ ਸੰਸਕਾਰ ਚਦ੍ਰਵੰਸ਼ ਵਿੱਚ ਲੈ ਜਾਣਗੇ ਅਤੇ ਯੋਗੀ ਤੂ ਆਤਮਾ ਦੇ ਸੰਸਕਾਰ ਸੂਰਜਵੰਸ਼ ਵਿੱਚ ਲੈ ਜਾਣਗੇ। ਤਾਂ ਕੀ ਬਣਨਾ ਹੈ ਸੂਰਜਵੰਸ਼ੀ, ਜਾਂ ਚੰਦ੍ਰਵੰਸ਼ੀ ਬਣਨਾ ਹੈ? ਸੂਰਜਵੰਸ਼ੀ ਬਣਨਾ ਹੈ ਤਾਂ ਯੁੱਧ ਖਤਮ। ਇਸ ਵਰ੍ਹੇ ਵਿੱਚ ਯੁੱਧ ਖਤਮ ਹੋਈ? ਇਸ ਵਿੱਚ ਹਾਂ ਨਹੀਂ ਕਹਿੰਦੇ ਹੋ? ਕਹਿਣ ਤੇ ਕਹਿੰਦੇ ਹੋ? ਬਾਪਦਾਦਾ ਤੇ ਨਾ ਵੇਖਦੇ ਹੋਏ ਵੀ ਬੱਚਿਆਂ ਦੀ ਰਿਜਲਟ ਵੇਖ ਲੈਂਦੇ ਹਨ, ਹਰ ਸਮੇਂ ਦੀ ਰਿਜਲਟ ਨੈਨਾਂ ਦੇ ਸਾਮ੍ਹਣੇ ਨਹੀਂ ਲੇਕਿਨ ਦਿਲ ਵਿਚ ਆ ਹੀ ਜਾਂਦੀ ਹੈ। ਇੱਥੇ ਸਾਕਾਰ ਵਤਨ ਵਿਚ ਤੁਸੀਂ ਥੋੜ੍ਹਾ - ਥੋੜ੍ਹਾ ਜਾਂ ਬਹੁਤ ਹਿਲਦੇ ਹੋ ਤਾਂ ਬਾਪ ਨੂੰ ਉੱਥੇ ਵਤਨ ਵਿੱਚ ਅਨੁਭਵ ਹੁੰਦਾ ਹੈ ਕਿ ਕੋਈ ਹਿਲ ਰਿਹਾ ਹੈ ਇਸਲਈ ਜਿਵੇਂ ਸ਼ਾਂਤੀਵਨ ਦੀ ਖੁਸ਼ੀ ਹੈ, ਹਾਲ ਦੀ ਖੁਸ਼ੀ ਹੈ, ਇਵੇਂ ਬਾਪਦਾਦਾ ਅਤੇ ਇੰਨੇਂ ਵੱਡੇ ਸੰਗਠਨ ਦੇ ਵਿੱਚ ਇਹ ਵਾਇਦਾ ਕਰੋ ਕਿ ਇਸ ਵਰ੍ਹੇ ਹਲਚਲ ਤੋਂ ਪਰੇ ਹੋ ਅਚਲ - ਅਡੋਲ ਬਣਨਾ ਹੀ ਹੈ, ਬਣੇਗੇ ਨਹੀਂ, ਬਣਨਾ ਹੀ ਹੈ। ਅਜਿਹਾ ਹੈ? ਇਵੇਂ ਜੋ ਸਮਝਦੇ ਹਨ ਬਣਨਾ ਹੀ ਹੈ, ਸੋਚਾਂਗੇ, ਬਣਾਂਗੇ, ਵੇਖਾਂਗੇ - ਇਹ ਨਹੀਂ, ਉਹ ਹੱਥ ਉਠਾਓ। ਅੱਛਾ - ਮੁਬਾਰਕ ਹੋ ਅਤੇ ਜਿਨ੍ਹਾਂ ਨੇ ਕਿਸੇ ਵੀ ਕਾਰਣ ਤੇ ਨਹੀਂ ਉਠਾਇਆ ਹੋਵੇ ਤਾਂ ਉਹ ਉਠਾਓ। ਸ਼ਰਮ ਆਉਂਦਾ ਹੈ ਉਠਾਉਣ ਵਿਚ, ਤਾਂ ਸੋਚੋ ਜਦ ਹੱਥ ਉਠਾਉਣ ਵਿੱਚ ਸ਼ਰਮ ਆਉਂਦਾ ਹੈ ਤਾਂ ਕਰਨ ਦੇ ਸਮੇਂਵੀ ਸ਼ਰਮ ਕਰਨਾ। ਸੋਚਨਾ ਕਿ ਇਹ ਸ਼ਰਮ ਕਰਨ ਵਾਲੀ ਗੱਲ ਹੈ, ਤਾਂ ਨਹੀਂ ਹੋਵੇਗੀ। ਪੱਕੇ ਹੋ ਜਾਵੋਗੇ ਕਿਉਂਕਿ ਕਈ ਬੱਚੇ ਬਾਰ - ਬਾਰ ਪੁੱਛਦੇ ਹਨ, ਭਾਵੇਂ ਨਿਮਿਤ ਬੱਚਿਆਂ ਤੋਂ ਜਾਂ ਰੂਹ ਰਿਹਾਨ ਵਿੱਚ ਬਾਪਦਾਦਾ ਨੂੰ ਇੱਕ ਹੀ ਕੁਵਸ਼ਚਨ ਕਰਦੇ ਹਨ, ਬਾਬਾ ਵਿਨਾਸ਼ ਦੀ ਡੇਟ ਦੱਸ ਦਿਓ। ਸਭ ਦਾ ਕੁਵਸ਼ਚਣ ਹੈ ਨਾ? ਅੱਛਾ ਬਾਪਦਾਦਾ ਕਹਿੰਦੇ ਹਨ ਡੇਟ ਦੱਸ ਦਿੰਦੇ ਹਾਂ - ਚਲੋ ਦੋ ਹਜਾਰ ਵਿੱਚ ਪੂਰਾ ਹੋਵੇਗਾ ਤਾਂ ਕੀ ਕਰੋਗੇ? ਇਹ ਕੋਈ ਡੇਟ ਨਹੀਂ ਦੇ ਰਹੇ ਹਾਂ, ਮਿਸ ਅੰਡਰਸਟੈਂਡ ਨਹੀਂ ਕਰਨਾ। ਬਾਪਦਾਦਾ ਪੁੱਛ ਰਹੇ ਹਨ ਕਿ ਸਮਝੋ ਦੋ ਹਜਾਰ ਤੱਕ ਤੁਹਾਨੂੰ ਦੱਸਦੇ ਹਾਂ ਤਾਂ ਕੀ ਕਰੋਗੇ? ਅਲਬੇਲੇ ਬਣੋਗੇ ਜਾਂ ਤੀਵ੍ਰ ਪੁਰਸ਼ਾਰਥੀ ਬਣੋਗੇ? ਤੀਵ੍ਰ ਪੁਰਸ਼ਾਰਥੀ ਬਣੋਗੇ! ਅਤੇ ਬਾਪਦਾਦਾ ਕਹਿੰਦੇ ਹਨ ਕਿ ਇਸ ਵਰ੍ਹੇ ਵਿੱਚ ਹਲਚਲ ਹੋਵੇਗੀ ਤਾਂ ਫਿਰ ਕੀ ਕਰੋਗੇ? ਹੋਰ ਤੀਵ੍ਰ ਪੁਰਸ਼ਾਰਥ ਕਰ ਲਵੋਗੇ? ਜਾਂ ਥੋੜ੍ਹਾ - ਥੋੜ੍ਹਾ ਡੇਟ ਕੰਸ਼ਿਅਸ ਹੋ ਜਾਵੋਗੇ, ਗਿਣਤੀ ਕਰਦੇ ਰਹੋਗੇ ਕਿ ਇਤਨਾ ਸਮੇਂ ਪੂਰਾ ਹੋਇਆ, ਇੱਕ ਮਹੀਨਾ ਪੂਰਾ ਹੋਇਆ, ਇੱਕ ਵਰ੍ਹਾ ਪੂਰਾ ਹੋਇਆ, ਬਾਕੀ ਇੰਨੇ ਮਹੀਨੇ ਹਨ! ... ਤਾਂ ਡੇਟ ਕਾਂਸ਼ੀਆਸ ਬਣੋਗੇ ਜਾਂ ਸੋਲ ਕਾਂਸ਼ੀਅਸ ਬਣੋਗੇ? ਕੀ ਕਰੋਗੇ? ਅਲਬੇਲੇ ਨਹੀਂ ਬਣੋਗੇ? ਇਹ ਤਾਂ ਨਹੀਂ ਸੋਚੋਗੇ? ਇਹ ਤਾਂ ਨਹੀਂ ਸੋਚੋਗੇ ਕਿ ਹਾਲੇ ਤੇ 4 ਵਰ੍ਹੇ ਪਏ ਹਨ? ਕੀ ਹੋਇਆ, ਲਾਸ੍ਟ ਵਰ੍ਹੇ ਕਰ ਲਵਾਂਗੇ ਕੀ ਹੋਇਆ, ਲਾਸ੍ਟ ਵਰ੍ਹੇ ਵਿੱਚ ਕਰ ਲਵਾਂਗੇ - ਇਵੇਂ ਅਲਬੇਲੇ ਨਹੀਂ ਬਣੋਂਗੇ ਜਾਂ ਥੋੜ੍ਹਾ -ਥੋੜ੍ਹਾ ਬਣ ਜਾਓਗੇ? ਤੁਸੀਂ ਨਹੀਂ ਵੀ ਬਣੋਂਗੇ ਤਾਂ ਮਾਇਆ ਸੁਨ ਰਹੀ ਹੈ, ਉਹ ਅਜਿਹੀਆਂ ਗੱਲਾਂ ਤੁਹਾਡੇ ਅੱਗੇ ਲਿਆਏਗੀ ਜੋ ਅਲਬੇਲਾਪਨ, ਆਲਸ ਵਿੱਚ -ਵਿੱਚ ਆਏਗਾ, ਫਿਰ ਕੀ ਕਰੋਂਗੇ? ਇਸਲਈ ਬਾਪਦਾਦਾ ਨੇ ਪਹਿਲੇ ਵੀ ਸੁਣਾਇਆ ਹੈ ਕਿ ਡੇਟ ਕੰਸ਼ੀਅਸ ਨਹੀਂ ਬਣੋ। ਪਰ ਹਰ ਸਮੇਂ ਅੰਤਿਮ ਘੜੀ ਹੈ, ਇਤਨਾ ਹਰ ਘੜੀ ਵਿੱਚ ਏਵਰਰੇਡੀ ਰਹੋ। ਅੱਛਾ ਮੰਨ ਲਓ ਬਾਪਦਾਦਾ ਕਹਿੰਦੇ ਹਨ 2 ਹਜ਼ਾਰ ਦੇ ਬਾਅਦ ਹੋਵੇਗਾ, ਚੱਲੋ ਤੁਸੀਂ ਮੰਨ ਲਿਆ, ਰਿਅਲ ਨਹੀਂ ਹੈ ਪਰ ਮੰਨ ਲਿਆ ਤਾਂ ਤੁਸੀਂ ਦੋ ਹਜ਼ਾਰ ਵਿੱਚ ਸੰਪੂਰਨ ਬਣੋਗੇ ਅਤੇ ਦੂਸਰਿਆਂ ਨੂੰ ਕਦੋਂ ਬਨਾਓਗੇ? ਸਤਿਯੁਗ ਵਿੱਚ ਬਣਾਓਗੇ ਕੀ? ਬਣਾਉਣ ਵਾਲੇ ਥੋੜ੍ਹੇ ਹਨ ਅਤੇ ਬਣਨ ਵਾਲੇ ਬਹੁਤ, ਉਹਨਾਂ ਦੇ ਲਈ ਵੀ ਸਮੇਂ ਚਾਹੀਦਾ ਹੈ ਜਾਂ ਨਹੀਂ? ਅਗਲੀ ਸੀਜਨ ਵਿੱਚ ਵੀ ਪੁੱਛਿਆ ਸੀ ਕਿ ਘਟ ਤੋਂ ਘੱਟ ਸਤਿਯੁਗ ਆਦਿ ਦੇ 9 ਲੱਖ ਬਣੇ ਹਨ? ਨਹੀਂ ਬਣੇ ਹਨ ਤਾਂ ਵਿਨਾਸ਼ ਕਿਵੇਂ ਹੋਵੇ? ਕਿਸ ਤੇ ਰਾਜ ਕਰੋਗੇ? ਪੁਰਾਣੀਆਂ ਆਤਮਾਵਾਂ ਦੇ ਉਪਰ ਰਾਜ ਕਰੋਗੇ? ਨਵੀਂ ਆਤਮਾਵਾਂ ਤਾਂ ਤਿਆਰ ਹੋਈਆਂ ਨਹੀਂ ਅਤੇ ਵਿਨਾਸ਼ ਹੋ ਜਾਏ ਤਾਂ ਕੀ ਕਰੋਗੇ? ਇਸਲਈ ਬਾਪਦਾਦਾ ਨੇ ਇਹ ਕੱਮ ਆਪਣੇ ਬੱਚੇ ਜੋ ਜੋਤਿਸ਼ੀ ਹਨ ਨਾ, ਉਹਨਾਂ ਦੇ ਉਪਰ ਹੀ ਰੱਖਿਆ ਹੈ। ਜੋ ਜੋਤੀਸ਼ ਕਰ ਸਕਦੇ ਹਨ, ਉਹ ਬਾਪ ਕਿਉਂ ਕਰੇਗਾ, ਫਿਰ ਵੀ ਬਾਪ ਦੇ ਬੱਚੇ ਹਨ, ਉਹਨਾਂ ਨੂੰ ਕਮਾਉਣ ਦਵੋ। ਉਹਨਾਂ ਦੀ ਕਮਾਈ ਦਾ ਸਾਧਨ ਇਹ ਹੈ। ਜੇਕਰ ਕਿਸਨੂੰ ਬਹੁਤ ਜਲਦੀ ਹੋਵੇ ਤਾਂ ਉਹਨਾਂ ਬੱਚਿਆਂ ਕੋਲੋਂ ਪੁੱਛੋ, ਬਾਪ ਨਹੀਂ ਦੱਸੇਗਾ।

ਸਮਝਾ - ਇਸ ਵਰ੍ਹੇ ਕੀ ਕਰਨਾ ਹੈ? ਅਨੁਭਵੀ ਮੂਰਤ। ਕਈ ਬੱਚੇ ਰੂਹਰਿਹਾਨ ਵਿੱਚ ਬਹੁਤ ਹੀ ਮਿੱਠੀ -ਮਿੱਠੀ ਰੂਹਰਿਹਾਨ ਕਰਦੇ, ਕਹਿੰਦੇ ਹਨ - ਕੀ ਕਰੀਏ ਬਾਬਾ, ਇਨਾਂ ਤਾਂ ਹੋ ਗਿਆ ਹੈ, ਬਾਕੀ ਇੰਨਾਂ ਤੁਸੀਂ ਕਰ ਲਵੋ। ਰਾਜ ਅਸੀਂ ਕਰਾਂਗੇ ਪਰ ਸੰਪੂਰਨ ਤੁਸੀਂ ਬਣਾ ਦਵੋ। ਅਜਿਹਾ ਹੋਵੇਗਾ? ਬਾਪ ਮਦਦਗਾਰ ਜਰੂਰ ਹੈ ਅਤੇ ਅੰਤ ਤੱਕ ਰਹਿਣਗੇ, ਇਹ ਗਰੰਟੀ ਹੈ ਪਰ ਕਿਸਦੇ ਮਦਦਗਾਰ? ਜੋ ਪਹਿਲੇ ਹਿੰਮਤ ਦਾ ਪੈਰ ਅੱਗੇ ਕਰਦੇ ਹਨ, ਫਿਰ ਬਾਪ ਮਦਦ ਦਾ ਦੂਸਰਾ ਪੈਰ ਉਠਾਉਣ ਵਿੱਚ ਸੰਪੂਰਨ ਮਦਦ ਕਰਦੇ ਹਨ। ਹਿੰਮਤ ਦਾ ਪੈਰ ਉਠਾਓ ਨਹੀਂ ਅਤੇ ਸਿਰਫ਼ ਕਹੋ ਬਾਬਾ ਤੁਸੀਂ ਕਰ ਲਵੋ, ਬਾਬਾ ਤੁਸੀਂ ਕਰ ਲਵੋ। ਤਾਂ ਬਾਪਦਾਦਾ ਵੀ ਕਹੇਗਾ ਦੇਖਾਂਗੇ, ਪਹਿਲਾ ਪੈਰ ਤਾਂ ਰੱਖੋ। ਇਕ ਪੈਰ ਵੀ ਨਹੀਂ ਰੱਖੋਗੇ ਤਾਂ ਕਿਵੇਂ ਹੋਵੇਗਾ! ਇਸਲਈ ਇਸ ਵਰ੍ਹੇ ਵਿੱਚ ਹਰ ਸਮੇਂ ਇਹ ਚੈਕ ਕਰੋ ਕਿ ਹਿੰਮਤ ਦੇ ਪੈਰ ਮਜਬੂਤ ਹਨ? ਬਾਪ ਨੂੰ ਕਹਿਣ ਦੇ ਪਹਿਲੇ ਇਹ ਚੈਕ ਕਰੋ। ਹਿੰਮਤ ਦਾ ਪੈਰ ਵਧਾਇਆ ਅਤੇ ਮਦਦ ਨਹੀਂ ਮਿਲੇ, ਇਹ ਅਸੰਭਵ ਹੈ। ਸਿਰਫ਼ ਥੋੜ੍ਹਾ ਜਿਹਾ ਹਿੰਮਤ ਦਾ ਪੈਰ ਵਧਾਓ, ਇਸਲਈ ਗਾਇਆ ਹੋਇਆ ਹੈ ਪਹਿਲਾ ਸ਼ਬਦ ਕੀ ਆਉਂਦਾ ਹੈ? ਹਿੰਮਤੇ ਬੱਚੇ ਮਦਦੇ ਬਾਪ, ਇਸਨੂੰ ਉਲਟਾ ਨਹੀਂ ਕਰੋ - ਮਦਦੇ ਬਾਪ ਅਤੇ ਫਿਰ ਹਿੰਮਤ ਬੱਚਿਆਂ ਦੀ। ਬਾਪ ਤਾਂ ਮੁਸਕੁਰਾਉਂਦੇ ਰਹਿੰਦੇ ਹਨ, ਵਾਹ ਮੇਰੇ ਲਾਡਲੇ ਬੱਚੇ ਵਾਹ! ਨਿਸ਼ਚੇ ਨਾਲ ਹਿੰਮਤ ਦਾ ਪੈਰ ਜ਼ਰਾ ਵੀ ਅੱਗੇ ਕਰੋਂਗੇ ਤਾਂ ਬਾਪ ਦੀ ਪਦਮਗੁਣਾਂ ਮਦਦ ਦੇ ਲਈ ਹਰ ਇੱਕ ਬੱਚੇ ਦੇ ਲਈ ਹਰ ਸਮੇਂ ਤਿਆਰ ਹਨ।

ਅੱਛਾ, ਨਵੇਂ ਵਰ੍ਹੇ ਵਿੱਚ ਕੀ ਕਰੋਂਗੇ? ਹੁਣ ਤੱਕ ਸੇਵਾ ਦੀ ਇੱਕ ਗੱਲ ਰਹੀ ਹੋਈ ਹੈ।, ਕਿਹੜੀ? ਗੀਤਾ ਦਾ ਭਗਵਾਨ ਤੇ ਹੋ ਜਾਏਗਾ, ਪਰ ਬਾਪਦਾਦਾ ਨੇ ਅਗਲੇ ਵਰ੍ਹੇ ਹਰ ਜ਼ੋਨ ਨੂੰ ਕਿਹਾ ਸੀ ਕਿ ਸਨੇਹੀ, ਸਹਿਯੋਗੀ, ਸੰਪਰਕ ਵਾਲੇ ਤਾਂ ਬਹੁਤ ਬਣੇ ਹਨ ਪਰ ਹੁਣ ਵਾਰਿਸ ਕੱਢੋ। ਵਾਪਿਸ ਘਟ ਨਿਕਲਦੇ ਹਨ ਕਿਉਂਕਿ ਬਾਪਦਾਦਾ ਹਰ ਸੇਵਾਕੇਂਦਰ ਦੀ ਰੋਜ਼ ਦੀ ਰਿਜ਼ਲਟ ਦੇਖਦੇ ਹਨ। ਤਾਂ ਚਾਰੋਂ ਪਾਸੇ ਦੀ ਰਿਜ਼ਲਟ ਵਿੱਚ ਵਾਰਿਸ ਘਟ ਹਨ। ਸਨੇਹੀ, ਸਹਿਯੋਗੀ ਚੰਗੇ ਹਨ ਪਰ ਉਹਨਾਂ ਨੂੰ ਅੱਗੇ ਵਧਾਓ ਜਾਂ ਕੋਈ ਵੀ ਨਵਿਆਂ ਨੂੰ, ਲਾਸ੍ਹ ਵਾਲਿਆਂ ਨੂੰ ਫਾਸਟ ਕਰਕੇ ਵਾਰਿਸ ਕਵਾਲਿਟੀ ਬਾਪ ਦੇ ਸਾਹਮਣੇ ਲਿਆਓ। ਕੋਈ - ਕੋਈ ਨਿਕਲਦੇ ਹਨ ਪਰ ਗਿਣਤੀ ਕਰਨ ਵਾਲੇ ਹਨ। ਜਦੋਂ ਚਾਹੁੰਦੇ ਹੋ ਕਿ 2 ਹਜ਼ਾਰ ਤੱਕ ਪਰਿਵਰਤਨ ਹੋਵੇ, ਚਾਹੁੰਦੇ ਤਾਂ ਸਭ ਇਵੇਂ ਹੀ ਹੋ ਤਾਂ ਵਾਰਿਸ ਕਿੰਨੇ ਬਣਾਏ ਹਨ? ਸਤਿਯੁਗ ਦੀ ਪ੍ਰਜਾ ਵੀ ਰਾਇਲ ਚਾਹੀਦੀ ਹੈ। ਉਹ ਘਟ ਹੈ। ਪ੍ਰਜਾ ਬਣੀ ਹੈ, ਇਹ ਜੋ ਹੁਣ ਅਨੇਕ ਤਰ੍ਹਾਂ ਦੀ ਕਾਨਫਰੈਂਸ ਕੀਤੀ ਹੈ ਉਹ ਬਾਹਰ ਦੀ ਸਟੇਜ ਤੇ ਜੋ ਵੀ ਪ੍ਰੋਗ੍ਰਾਮ ਮਿਲੇ ਹਨ, ਇਸ ਵਰ੍ਹੇ ਵਿੱਚ ਪ੍ਰਭਾਵ ਅਤੇ ਪ੍ਰਜਾ - ਇਹ ਰਿਜ਼ਲਟ ਚੰਗੀ ਹੈ। ਪਰ ਬਾਪਦਾਦਾ ਕੀ ਚਾਹੁੰਦੇ ਹਨ? ਹੁਣ ਵਾਰਿਸ ਕਵਾਲਿਟੀ ਤਿਆਰ ਕਰੋ। ਇੱਥੇ ਵਾਰਿਸ ਤਿਆਰ ਕਰੋਗੇ ਤਾਂ ਐਡਵਾਂਸ ਪਾਰਟੀ ਵੀ ਪ੍ਰਤੱਖ ਹੋਵੇਗੀ ਅਤੇ ਬਾਪ ਦੇ ਨਾਮ ਦਾ, ਪ੍ਰਤਖਤਾ ਦਾ ਨਗਾੜਾ ਚਾਰੋਂ ਪਾਸੇ ਤੋਂ ਵੱਜੇਗਾ। ਹੁਣ ਤੱਕ ਦੀ ਰਿਜ਼ਲਟ ਵਿੱਚ ਕਹਿੰਦੇ ਹਨ ਕਿ ਇਹ ਵੀ ਚੰਗਾ ਕੰਮ ਕਰ ਰਹੇ ਹਨ। ਜਾਂ ਕਈ -ਕਈ ਕਹਿੰਦੇ ਹਨ ਕਿ ਇਹ ਹੀ ਕਰ ਸਕਦੇ ਹਨ, ਪਰ ਪਰਮ ਆਤਮਾ ਦੇ ਵਲ ਅਟੈਂਸ਼ਨ ਜਾਏ। ਪਰਮ ਆਤਮਾ ਦਾ ਇਹ ਕੰਮ ਚੱਲ ਰਿਹਾ ਹੈ, ਉਹ ਹੁਣ ਇਨਾਕਾਗਨੀਟੋ (ਗੁਪਤ) ਹੈ। ਬੱਚੇ ਆਪਣੀ ਸ਼ਕਤੀ ਨਾਲ, ਸਨੇਹ ਨਾਲ ਬਾਪ ਨੂੰ ਪ੍ਰਤੱਖ ਕਰਨ ਦਾ ਚੰਗਾ ਪੁਰਸ਼ਾਰਥ ਕਰ ਰਹੇ ਹਨ ਪਰ ਹੁਣ ਜਦ ਤੱਕ ਸਨੇਹੀ ਹਨ, ਸਹਿਯੋਗੀ ਹਨ ਉਦੋਂ ਤੱਕ ਬਾਪ ਦੀ ਪ੍ਰਤਖਤਾ ਮੈਦਾਨ ਤੇ ਨਹੀਂ ਆਈ ਹੈ। ਚੰਗਾ ਹੈ - ਇੱਥੇ ਤੱਕ ਹੋਇਆ ਹੈ, ਪਰ ਸਭਦੇ ਮੁਖ ਤੋਂ ਇਹ ਨਿਕਲੇ ਕਿ ਬਸ ਹੁਣ ਸਮੇਂ ਆ ਗਿਆ, ਬਾਪ ਆ ਗਿਆ, ਹੁਣ ਵਿਨਾਸ਼ ਵੀ ਆਏਗਾ। ਤਾਂ ਬਾਪ ਕਹਿੰਦੇ ਹਨ ਕਿ ਬਾਪ ਕੋਲੋਂ ਨਹੀਂ ਪੁੱਛੋ ਕਿ ਵਿਨਾਸ਼ ਕਦੋਂ ਹੋਵੇਗਾ? ਬਾਪ ਤੁਹਾਨੂੰ ਪੁੱਛਦੇ ਹਨ ਕਿ ਤੁਸੀਂ ਕਦੋਂ ਤਿਆਰ ਹੋਵੋਗੇ? ਪ੍ਰਦਾ ਖੋਲੇਂ, ਤਿਆਰ ਹੋ? ਕਿ ਪ੍ਰਦਾ ਖੁਲ੍ਹੇਗਾ ਅਤੇ ਤਿਆਰ ਹੁੰਦੇ ਰਹੋਗੇ? ਘੱਟ ਤੋਂ ਘੱਟ 16108 ਪੱਕੇ - ਪੱਕੇ ਰਤਨ ਤਾਂ ਪ੍ਰਤੱਖ ਕਰੋ, ਮਾਲਾ ਤੇ ਬਣਾਓ। ਬਾਪ ਵੀ ਦੇਖਣ ਤਿਆਰ ਹਨ? ਇੰਨੀ ਮਾਰਜਿਣ ਹੈ, ਜ਼ਿਆਦਾ ਨਹੀਂ ਕਹਿ ਰਹੇ ਹਨ। 9 ਲੱਖ ਨਹੀਂ ਕਹਿ ਰਹੇ ਹਨ, 16108 ਦੀ ਮਾਲਾ ਬਣਾਓ। ਤਾਂ ਇਸ ਵਰ੍ਹੇ ਬਨਾਉਣਾ, ਦੇਖਣਗੇ ਕਿ 16108 ਦੀ ਨਿਰਵਿਘਣ, ਅਚਲ ਮਾਲਾ ਹੈ ਜਾਂ ਹਾਲੇ ਥੋੜ੍ਹਾ -ਥੋੜਾ ਲੜਖੜਾਉਂਦੇ ਹਨ? ਥੋੜ੍ਹਾ - ਥੋੜ੍ਹਾ ਖੇਲ੍ਹ ਦਿਖਾਉਂਦੇ ਹਨ? ਪਾਂਡਵ ਕੀ ਸਮਝਦੇ ਹੋ? ਬੋਲੋ, ਤਿਆਰ ਹੋ? ਦਾਦੀਆਂ ਤਾਂ ਬੋਲਦੀਆਂ ਹਨ - ਹਾਂ। ਸਭ ਸ਼ਕਤੀਆਂ ਦੀ ਹਾਂ ਹੈ? 16108 ਤਿਆਰ ਹਨ? ਅੱਛਾ 18 ਤਰੀਖ਼ ਨੂੰ ਮਾਲਾ ਬਣਾਕੇ ਦੇਣਾ ਹੱਥ ਉਠਵਾਉਣਗੇ ਤਾਂ ਅੱਧੀ ਸਭਾ ਕਹੈਗੀ 16 ਹਜ਼ਾਰ ਵਿੱਚ ਹਾਂ। ਜੋ ਸਮਝਦੇ ਹਨ ਕਿ ਅਸੀਂ 16 ਹਜ਼ਾਰ ਵਿੱਚ ਹਾਂ, ਉਹ ਦਾਦੀਆਂ ਨੂੰ ਆਪਣੀ ਚਿੱਟਕੀ ਲਿਖਕੇ ਦੇਣਾ ਕਿ ਮੈਂ 16 ਹਜ਼ਾਰ ਵਿੱਚ ਹਾਂ ਜਾਂ 108 ਵਿੱਚ? ਫਿਰ ਦਾਦੀਆਂ ਪਾਸ ਕਰਨਗੀਆਂ। ਇਵੇਂ ਨਹੀਂ ਸਮਝਣਾ ਕਿ ਚਿੱਟਕੀ ਦੇ ਦਿੱਤੀ ਹੈ, ਪਹਿਲੇ ਇਹ ਪਾਸ ਕਰਨ ਗੀਆਂ ਫਿਰ ਬਾਪਦਾਦਾ ਪਾਸ ਕਰਨਗੇ, ਫਿਰ ਫਾਈਨਲ ਰਿਜ਼ਲਟ ਦੱਸਣਗੇ। ਅੱਛਾ।

ਚਾਰੋਂ ਪਾਸੇ ਦੇ ਸਰਵ ਉਮੰਗ -ਉਤਸ਼ਾਹ ਵਿੱਚ ਅੱਗੇ ਵਧਣ ਵਾਲੇ, ਸਦਾ ਇਕਾਨਾਮੀ ਦੇ ਅਵਤਾਰ ਬਣ ਸਮੇਂ, ਸੰਕਲਪ, ਵਾਨੀ ਅਤੇ ਕਰਮ ਨੂੰ ਬੱਚਤ ਦੇ ਖ਼ਾਤੇ ਵਿੱਚ ਜਮਾ ਕਰਨ ਵਾਲੇ, ਸਾਕਾਰ ਅਤੇ ਆਕਾਰ ਰੂਪ ਵਿੱਚ ਨਵਾਂ ਵਰ੍ਹਾ ਮਨਾਉਣ ਵਾਲੇ ਸਿੱਕੀਲਧੇ ਬੱਚੇ, ਬਾਪਦਾਦਾ ਦੇਖ ਰਹੇ ਹਨ ਕਿ ਚਾਰੋਂ ਪਾਸੇ ਦੇ ਬੱਚੇ, ਸਾਕਾਰ ਵਿੱਚ ਨਹੀਂ ਤਾਂ ਆਕਾਰ ਰੂਪ ਵਿੱਚ ਮਧੂਬਨ ਵਿੱਚ ਹੀ ਹਨ ਅਤੇ ਆਕਾਰ ਰੂਪ ਵਿੱਚ ਮਨਾ ਰਹੇ ਹਨ। ਤਾਂ ਸਭ ਨੂੰ ਬਾਪਦਾਦਾ ਨਵੇਂ ਵਰ੍ਹੇ ਦੀ ਸ਼ਾਂਤੀਵਨ ਦੇ ਸ਼ਥਾਪਣਾ ਦੀ ਮੁਬਾਰਕ ਅਤੇ ਯਾਦਗਾਰ ਦੇ ਰਹੇ ਹਨ। ਸਭ ਸੰਤੁਸ਼ਟ ਮੰਨੀਆ ਨੂੰ ਨਮਸਤੇ।

ਵਰਦਾਨ:- ਆਪਣੇ ਆਦਿ ਅਨਾਦਿ ਸਵਰੂਪ ਦੀ ਸਮ੍ਰਿਤੀ ਦਵਾਰਾ ਸਰਵ ਬੰਧਨਾਂ ਨੂੰ ਸਮਾਪਤ ਕਰਨ ਵਾਲੇ ਬੰਧੰਨਮੁਕਤ ਸਵਤ੍ਰੰਤਰ ਭਵ।

ਆਤਮਾ ਦਾ ਆਦਿ ਅਨਾਦਿ ਸਵਰੂਪ ਸਵਤੰਤਰ ਹੈ। ਮਾਲਿਕ ਹੈ। ਇਹ ਤਾਂ ਪਿੱਛੇ ਪ੍ਰਤੰਤਰ ਬਣੀ ਹੈ ਇਸਲਈ ਆਪਣੇ ਆਦਿ ਅਤੇ ਅਨਾਦਿ ਸਵਰੂਪ ਦੀ ਸਮ੍ਰਿਤੀ ਵਿੱਚ ਰੱਖ ਬੰਧਨਮੁਕਤ ਬਣੋ। ਮਨ ਦਾ ਵੀ ਬੰਧੰਨ ਨਾ ਹੋਵੇ। ਜੇਕਰ ਮਨ ਦਾ ਵੀ ਬੰਧੰਨ ਹੋਵੇਗਾ ਤਾਂ ਉਹ ਬੰਧੰਨ ਹੋਰ ਬੰਧੰਨਾ ਨੂੰ ਲੈ ਆਏਗਾ। ਬੰਧੰਨਮੁਕਤ ਮਤਲਬ ਰਾਜਾ, ਸਵਰਾਜ ਅਧਿਕਾਰੀ। ਅਜਿਹੇ ਬੰਧਨਮੁਕਤ ਸੁਤੰਤਰ ਆਤਮਾਵਾਂ ਹੀ ਪਾਸ ਵਿਦ ਆਨਰ ਬਣਨਗੀਆਂ ਮਤਲਬ ਫਸਟ ਡਿਵੀਜ਼ਨ ਵਿੱਚ ਆਉਣਗੀਆਂ।

ਸਲੋਗਨ:- ਮਾਸਟਰ ਦੁੱਖ ਹਰਤਾ ਬਣ ਦੁੱਖ ਨੂੰ ਵੀ ਰੂਹਾਨੀ ਸੁਖ ਵਿੱਚ ਪਰਿਵਰਤਨ ਕਰਨਾ ਹੀ ਸੱਚੀ ਸੇਵਾ ਹੈ।

******